# BBC LEARNING ENGLISH
# Essential English Conversation
# ਸ਼ੌਕ ਅਤੇ ਵਿਹਲੇ ਸਮੇਂ ਦੀਆਂ ਗਤੀਵਿਧੀਆਂ:
# ਕੀ ਤੁਸੀਂ ਫੁੱਟਬਾਲ ਖੇਡਦੇ ਹੋ?

*This is not a word-for-word transcript*

**ਰਾਜਵੀਰ**

ਹੈਲੋ, Essential English Conversation (ਅਸੈਂਸ਼ੀਅਲ ਇੰਗਲਿਸ਼ ਕਨਵਰਸੇਸ਼ਨ) ਵਿੱਚ ਤੁਹਾਡਾ ਸਵਾਗਤ ਹੈ। ਇਸ ਵਿੱਚ ਅਸੀਂ ਗੱਲ ਕਰਦੇ ਹਾਂ ਅੰਗਰੇਜ਼ੀ ਬੋਲੀ ਦੇ ਉਹਨਾਂ ਅਹਿਮ ਨੁਕਤਿਆਂ ਦੀ ਜਿਹਨਾਂ ਬਿਨਾਂ ਭਾਸ਼ਾ ਦੇ ਸਿਖਿਆਰਥੀਆਂ ਦਾ ਗੁਜ਼ਾਰਾ ਨਹੀਂ। ਮੈਂ ਰਾਜਵੀਰ ਤੇ ਅੱਜ ਤੁਸੀਂ ਸਿੱਖੋਗੇ ਅੰਜਰੇਜ਼ੀ ਵਿੱਚ ਕਿਸ ਤਰ੍ਹਾਂ ਪੁੱਛ ਸਕਦੇ ਹਾਂ ਕਿ ਕੋਈ ਕਿਹੜੀ ਖੇਡ ਖੇਡਦਾ ਹੈ।

ਦੋ ਲੋਕਾਂ ਨੂੰ ਸੁਣੋ ਜੋ ਇੱਕ ਦੂਸਰੇ ਤੋਂ ਖੇਡਾਂ ਨੂੰ ਤਵੱਜੋ ਦੇਣ ਬਾਰੇ ਪੁੱਛ ਰਹੇ ਹਨ।

***Pam***
*Do you play football?*

***Ben***
*Yes, I do. How about you?*

***Pam***
*No, I don't, but I go running.*

**ਰਾਜਵੀਰ**

ਜੇ ਔਖਾ ਲੱਗਿਆ ਤਾਂ ਵੀ ਕੋਈ ਫ਼ਿਕਰ ਵਾਲੀ ਗੱਲ ਨਹੀਂ। ਤੁਹਾਨੂੰ ਅਭਿਆਸ ਵਿੱਚ ਮਦਦ ਕਰਨ ਲਈ, ਅਸੀਂ ਸਾਰੀ ਗੱਲਬਾਤ ਨੂੰ ਛੋਟੇ ਹਿੱਸਿਆਂ ਵਿੱਚ ਵੰਡ ਦਿਆਂਗੇ।
ਪਹਿਲਾਂ ਪੈਮ ਨੇ ਬੈਨ ਨੂੰ ਪੁੱਛਿਆ, ਕੀ ਤੁਸੀਂ ਫੁੱਟਬਾਲ ਖੇਡਦੇ ਹੋ? ਅਸੀਂ ਖੇਡਾਂ ਬਾਰੇ ਗੱਲ ਕਰਨ ਲੱਗਿਆਂ ਸ਼ਬਦ 'play' ਦੀ ਵਰਤੋਂ ਕਰਦੇ ਹਾਂ। ਜਿਵੇਂ ਬਾਸਕਿਟ ਬਾਲ ਖੇਡਨਾ 'play basketball' ਜਾਂ ਟੈਨਿਸ ਖੇਡਨਾ 'play tennis.' । ਸੁਣੋ ਅਤੇ ਪਿੱਛੇ ਬੋਲੋ।

*Do you play football?*

**ਰਾਜਵੀਰ**

ਬੈਨ ਨੇ ਕਿਹਾ, ' ਹਾਂ, ਮੈਂ ਖੇਡਦਾ ਹਾਂ.', 'Yes, I do.'। ਉਸ ਨੇ ਪੈਮ ਨੂੰ ਵੀ ਮੁੜਕੇ ਉਹੀ ਸੁਆਲ ਪੁੱਛਿਆ, ਅਜਿਹਾ ਕਰਨ ਲਈ ਉਸਨੇ ਕਿਹਾ, 'how about you?' , 'ਤੇ ਤੁਹਾਡੇ ਬਾਰੇ ਕੀ?' ਸੁਣੋ ਅਤੇ ਦੁਹਰਾਓ।


© British Broadcasting Corporation 2018

*Yes, I do.*

*How about you?*

**ਰਾਜਵੀਰ**

ਪੈਮ ਨੇ ਜੁਆਬ ਹਾਂ ਜਾਂ ਨਾ ਵਿੱਚ ਦਿੱਤਾ ਅਤੇ ਕਿਹਾ, 'ਨਹੀਂ, ਉਹ ਨਹੀਂ ਖੇਡਦੀ', 'No, I don't.' ਫ਼ਿਰ ਉਸਨੇ ਗੱਲ ਨੂੰ ਅੱਗੇ ਤੋਰਨ ਲਈ 'ਪਰ' ਯਾਨੀ 'but' ਸ਼ਬਦ ਦਾ ਇਸਤੇਮਾਲ ਕੀਤਾ ਅਤੇ ਕਿਹਾ, 'ਮੈਂ ਦੌੜਣ ਲਈ ਜਾਂਦੀ ਹਾਂ', ' But, I go running.' ਅਸੀਂ –ing ਨਾਲ ਖ਼ਤਮ ਹੋਣ ਵਾਲੀਆਂ ਖੇਡਾਂ ਲਈ 'go'  ਦਾ ਇਸਤੇਮਾਲ ਕਰਦੇ ਹਾਂ। ਜਿਵੇਂ ਤੈਰਨ ਲਈ ਜਾਣਾ 'go swimming' ਪਹਾੜੀ ਦੇ ਚੜ੍ਹਨਾ 'go hiking.' ਹੁਣ ਸੁਣੋ ਅਤੇ ਪਿੱਛੇ ਬੋਲੋ।

*No, I don't*

*But I go running.*

**ਰਾਜਵੀਰ**

ਸ਼ਾਬਾਸ਼! ਹੁਣ ਜੋ ਤੁਸੀਂ ਕਿਹਾ ਉਸਨੂੰ ਚੈੱਕ ਕਰੋ। ਅਲੱਗ ਅਲੱਗ ਲੋਕਾਂ ਨੂੰ ਸੁਣ ਕੇ ਜੋ ਦੱਸ ਰਹੇ ਹਨ ਕਿ ਉਹ ਕਿਹੜੀ ਖੇਡ ਖੇਡਦੇ ਹਨ।

*Do you play tennis?*

*No, I don't, how about you?*

*Yes, I play tennis.*

*Do you play basketball?*

*Yes, I do. How about you?*

*No, I don't, but I go swimming.*

**ਰਾਜਵੀਰ**

ਠੀਕ ਹੈ ਇੱਕ ਵਾਰ ਫ਼ੇਰ ਕੋਸ਼ਿਸ਼ ਕਰਦੇ ਹਾਂ। ਅੰਗਰੇਜ਼ੀ ਦੇ ਵਾਕਾਂ ਨੂੰ ਸੁਣੋ ਅਤੇ ਦੁਹਰਾਓ।

*Do you play football?*

*Yes, I do. How about you?*

*No, I don't, but I go running.*

**ਰਾਜਵੀਰ**

ਬਹੁਤ ਅੱਛਾ। ਚਲੋ ਦੇਖਦੇ ਹਾਂ ਤੁਸੀਂ ਕਿੰਨੀ ਚੰਗੀ ਤਰ੍ਹਾਂ ਅੰਗਰੇਜ਼ੀ ਦੇ ਵਾਕਾਂ ਨੂੰ ਯਾਦ ਰੱਖਿਆ। ਆਪਣੀ ਬੋਲੀ ਵਿੱਚ ਵਾਕਾਂ ਨੂੰ ਸੁਣੋ ਅਤੇ ਅੰਗਰੇਜ਼ੀ ਵਿੱਚ ਉਹਨਾਂ ਨੂੰ  ਬੋਲੋ।


© British Broadcasting Corporation 2018

ਕੀ ਤੁਸੀਂ ਫ਼ੁੱਟਬਾਲ ਖੇਡਦੇ ਹੋ?

*Do you play football?*

ਹਾਂ, ਮੈਂ ਖੇਡਦਾ ਹਾਂ। ਤੇ ਤੁਹਾਡੇ ਬਾਰੇ ਕੀ?

*Yes, I do. How about you?*

ਨਹੀਂ, ਮੈਂ ਨਹੀਂ ਖੇਡਦੀ, ਪਰ ਮੈਂ ਦੌੜਦੀ ਹਾਂ।

*No, I don't, but I go running.*

**ਰਾਜਵੀਰ**

Fantastic - ਹੁਣ ਤੁਸੀਂ ਜਾਣਦੇ ਹੋ ਅੰਗਰੇਜ਼ੀ ਵਿੱਚ ਕਿਸੇ ਦੀ ਖੇਡਾਂ ਸੰਬੰਧੀ ਰੁਚੀ ਬਾਰੇ ਕਿਵੇਂ ਪੁੱਛਣਾ ਹੈ। ਪੈਮ ਨੂੰ ਜੁਆਬ ਦੇ ਕੇ ਅਭਿਆਸ ਕਰੋ। ਤੇ, ਉਸ ਨੂੰ ਵੀ ਪੁੱਛਣਾ ਨਾ ਭੁੱਲਣਾ ਇਸ ਲਈ ਕਹਿਣਾ 'how about you?' ਤੇ ਗੱਲਬਾਤ ਖ਼ਤਮ ਕਰਨ ਤੋਂ ਪਹਿਲਾਂ ਕਹਿਣਾ 'That sounds great.'

Do you play football?

No, I don't, but I go running.

**ਰਾਜਵੀਰ**

Great, ਹੁਣ ਆਪਣੇ ਜੁਆਬਾਂ ਨੂੰ ਚੈੱਕ ਕਰਨ ਲਈ ਸਾਰੀ ਗੱਲਬਾਤ ਦੁਬਾਰਾ ਸੁਣੋ।

***Pam***
*Do you play football?*

***Ben***
*Yes, I do. How about you?*

***Pam***
*No, I don't, but I go running.*

**ਰਾਜਵੀਰ**

ਬਹੁਤ ਅੱਛਾ! ਹੁਣ ਤੁਸੀਂ ਜਾਣਦੇ ਹੋ ਅੰਗਰੇਜ਼ੀ ਵਿੱਚ ਕਿਵੇਂ ਪੁੱਛਣਾ ਹੈ ਕਿ ਕੋਈ ਕਿਹੜੀ ਖੇਡ ਖੇਡਦਾ ਹੈ। ਜੋ ਵੀ ਸਿੱਖਿਆ ਉਸ ਨੂੰ ਦੁਹਰਾਉਣਾ ਜ਼ਰੂਰ ਯਾਦ ਰੱਖਣਾ। ਇੱਕ ਦੋਸਤ ਲੱਭੋ ਤੇ ਉਸਨੂੰ ਅੰਗਰੇਜ਼ੀ ਵਿੱਚ ਪੁੱਛ ਕੇ ਕਿ, 'ਉਹ ਕੀ ਖੇਡਦਾ ਹੈ?' ਅਭਿਆਸ ਕਰੋ। 'How about you?' ਪੁੱਛਣਾ ਵੀ ਯਾਦ ਰੱਖਣਾ। ਤੁਸੀਂ ਪ੍ਰੈਕਟਿਸ ਕਰੋ ਅਤੇ ਅਸੀਂ ਅੱਜ ਦੀ ਗੱਲਬਾਤ ਇਥੇ ਹੀ ਖ਼ਤਮ ਕਰਦੇ ਹਾਂ। ਰੋਜ਼ਾਨਾ ਬੋਲਚਾਲ ਦੀ ਅੰਗਰੇਜ਼ੀ ਭਾਸ਼ਾ ਸਿੱਖਣ ਲਈ ਸਾਡੇ ਨਾਲ ਫ਼ੇਰ ਜੁੜੋ। ਬਾਏ।


© British Broadcasting Corporation 2018